# G4 Ministerial Joint Press Statement

September 22, 2021

..........................................................................................................................................................

## G -4 ਦੇਸ਼ਾਂ ਦਾ ਸਾਂਝਾ ਮੰਤਰੀ ਪੱਧਰੀ ਪ੍ਰੈਸ ਬਿਆਨ

22 ਸਤੰਬਰ, 2021

1. 22 ਸਤੰਬਰ, 2021 ਨੂੰ G -4 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਯਾਨੀ ਬ੍ਰਾਜ਼ੀਲੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਕਾਰਲੋਸ ਅਲਬਰਟੋ ਫ੍ਰੈਂਕੋ ਫ੍ਰੈਂਕਾ, ਜਰਮਨੀ ਦੇ ਸੰਘੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਹੀਕੋ ਮਾਸ, ਭਾਰਤ ਦੇ ਵਿਦੇਸ਼ ਮੰਤਰੀ ਮਹਾਮਹਿਮ ਡਾ. ਸੁਬਰਾਮਣੀਅਮ ਜੈਸ਼ੰਕਰ ਅਤੇ ਜਾਪਾਨੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਮੋਤੇਗੀ ਤੋਸ਼ੀਮਿਤਸੂ ਦੀ ਨਿਊਯੌਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੇ 76ਵੇਂ ਸੈਸ਼ਨ ਦੌਰਾਨ ਮੁਲਾਕਾਤ ਹੋਈ। ਮੰਤਰੀਆਂ ਨੇ ਵਿਕਾਸਸ਼ੀਲ ਦੇਸ਼ਾਂ ਅਤੇ ਇਸਦੇ ਪ੍ਰਮੁੱਖ ਯੋਗਦਾਨੀਆਂ ਸਮੇਤ ਸਮਕਾਲੀ ਸੰਸਾਰ ਦੀ ਸੱਚਾਈਆਂ ਦਰਸਾਉਣ ਵਾਲੀ ਸੁਰੱਖਿਆ ਪ੍ਰੀਸ਼ਦ ਬਣਾਉਣ ਲਈ ਇਸਨੂੰ ਵਧੇਰੇ ਨਿਆਂਪੂਰਨ, ਕਾਰਗਰ ਅਤੇ ਸਮਾਵੇਸ਼ੀ ਬਣਾਉਣ ਲਈ ਸੁਧਾਰ ਦੀ ਲੋੜ 'ਤੇ ਜ਼ੋਰ ਦਿੱਤਾ।

2. ਸੰਯੁਕਤ ਰਾਸ਼ਟਰ ਮਹਾਸਭਾ ਦੇ 75ਵੇਂ ਸੈਸ਼ਨ ਦੇ ਕੰਮ ਦੀ ਸਮੀਖਿਆ ਕਰਦੇ ਹੋਏ G -4 ਮੰਤਰੀਆਂ ਨੇ ਇਸ ਗੱਲ ਦਾ ਸਵਾਗਤ ਕੀਤਾ ਕਿ ਅਸੈਂਬਲੀ ਨੇ ਆਪਣੇ ਫੈਸਲੇ 75/569 ਵਿੱਚ ਸਾਰੇ ਦੇਸ਼ਾਂ ਅਤੇ ਸਰਕਾਰਾਂ ਦੇ ਮੁਖੀਆਂ ਦੀ ਸੁਰੱਖਿਆ ਪ੍ਰੀਸ਼ਦ ਵਿੱਚ ਸੁਧਾਰ ਕਰਨ ਦੀ ਮੁਹਿੰਮ ਵਿੱਚ “ਨਵੀਂ ਜਾਣ ਪਾਉਣ" ਪ੍ਰਤੀ ਪ੍ਰਤੀਬੱਧਤਾ ਦਰਸਾਈ ਗਈ ਹੈ, ਜਿਵੇਂ ਸੰਯੁਕਤ ਰਾਸ਼ਟਰ ਦੀ 75 ਵੀਂ ਵਰ੍ਹੇਗੰਢ (A/RES/75/1) ਦੇ ਯਾਦਗਾਰੀ ਐਲਾਨ ਵਿੱਚ ਕਿਹਾ ਗਿਆ ਹੈ। ਇਸ ਸੰਦਰਭ ਵਿੱਚ ਮੰਤਰੀਆਂ ਨੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਵੱਲੋਂ 10 ਸਤੰਬਰ, 2021 ਦੀ ਆਪਣੀ ਰਿਪੋਰਟ "ਸਾਡਾ ਸਾਂਝਾ ਏਜੰਡਾ" ਵਿੱਚ ਪ੍ਰਗਟਾਏ ਅਨੁਸਾਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਸਬੰਧੀ ਤਿਆਰ ਰਹਿਣ ਦਾ ਵੀ ਸਵਾਗਤ ਕੀਤਾ। ਇਸ ਤੋਂ ਛੁੱਟ ਮੰਤਰੀਆਂ ਨੇ ਇਸ ਗੱਲ ਦਾ ਵੀ ਸਵਾਗਤ ਕੀਤਾ ਕਿ ਅੰਤਰ-ਸਰਕਾਰੀ ਗੱਲਬਾਤ (IGN) ਦੇ ਸਹਿ-ਪ੍ਰਧਾਨਾਂ ਦੁਆਰਾ ਤਿਆਰ ਕੀਤੇ ਗਏ “ਐਲੀਮੈਂਟਸ ਪੇਪਰ" ਮੈਂਬਰ ਦੇਸ਼ਾਂ ਰਾਜਾਂ ਦੇ ਅੰਸ਼ਿਕ ਦ੍ਰਿਸ਼ਟੀਕੋਣਾਂ ਅਤੇ ਪ੍ਰਸਤਾਵਾਂ ਨਾਲ ਵਿਕਸਿਤ ਹੋਏ ਹਨ।

3. G -4 ਮੰਤਰੀਆਂ ਨੇ ਆਮ ਸਭਾ ਵਿਚ ਇਸ ਨੂੰ ਅਪਣਾਏ ਜਾਣ ਦੇ ਮੰਤਵ ਨਾਲ ਇੱਕੋ ਦਸਤਾਵੇਜ਼ ਦੇ ਆਧਾਰ 'ਤੇ IGN ਵਿੱਚ ਦੇਰ ਕੀਤੇ ਬਗੈਰ ਟੈਕਸਟ -ਅਧਾਰਤ ਗੱਲਬਾਤ ਸ਼ੁਰੂ ਕਰਨ ਪ੍ਰਤੀ ਦ੍ਰਿੜ ਇਰਾਦਾ ਪ੍ਰਗਟ ਕੀਤਾ। ਇਸ ਮੰਤਵ ਲਈ ਮੰਤਰੀਆਂ ਨੇ ਸੰਯੁਕਤ ਰਾਸ਼ਟਰ ਅੰਦਰ ਆਪਣੇ ਵਫਦਾਂ ਨੂੰ ਨਿਰਦੇਸ਼ ਦਿੱਤਾ ਕਿ ਉਹ 76ਵੀਂ ਆਮ ਸਭਾ ਦੇ ਪ੍ਰਧਾਨ ਅਤੇ IGN ਦੇ ਪ੍ਰਧਾਨਾਂ ਦੀ ਮਦਦ ਕਰ ਇਕੱਲੇ ਟੈਕਸਟ ਨੂੰ ਅਧਾਰ ਵਜੋਂ ਖਰੜਾ ਮਸੌਦਾ ਵਿਕਸਤ ਕਰਨ ਦੇ ਤਰੀਕਿਆਂ ਦੀ ਪਛਾਣ ਕਰਨ। ਨਿਸ਼ਚਤ ਸਮਾਂ-ਸੀਮਾ ਵਿੱਚ ਠੋਸ ਨਤੀਜੇ ਹਾਸਲ ਕਰਨ ਲਈ ਮੰਤਰੀਆਂ ਨੇ ਹੋਰ ਸੁਧਾਰ-ਪੱਖੀ ਵਾਲੇ ਦੇਸ਼ਾਂ ਅਤੇ ਸਮੂਹਾਂ ਸਮੇਤ ਸਾਰੇ ਦਿਲਚਸਪੀ ਵਾਲੇ ਮੈਂਬਰ ਰਾਜਾਂ ਨਾਲ ਗੱਲਬਾਤ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।

4. G -4 ਮੰਤਰੀਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਥਾਈ ਅਤੇ ਗੈਰ-ਸਥਾਈ, ਦੋਹਾਂ ਸ਼੍ਰੇਣੀਆਂ ਦਾ ਵਿਸਤਾਰ ਕਰ ਸੁਰੱਖਿਆ ਪਰਿਸ਼ਦ ਅੰਦਰ ਸੁਧਾਰ ਲਿਆਉਣਾ ਲਾਜ਼ਮੀ ਹੈ, ਤਾਂ ਜੋ ਸੁਰੱਖਿਆ ਪਰਿਸ਼ਦ ਨੂੰ ਅੰਤਰਰਾਸ਼ਟਰੀ ਪ੍ਰਬੰਧਨ ਦੀਆਂ ਗੁੰਝਲਦਾਰ ਹੁੰਦੀਆਂ ਚੁਣੌਤੀਆਂ ਨਾਲ ਬਿਹਤਰ ਤਰੀਕੇ ਨਾਲ ਨਜਿੱਠਣ ਯੋਗ ਬਣਾਇਆ ਜਾ ਸਕੇ ਜਿਸ ਨਾਲ ਇਹ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖਣ ਅਤੇ ਇਸ ਤਰ੍ਹਾਂ ਆਪਣੇ ਫਰਜ਼ਾਂ ਨੂੰ ਵਧੇਰੇ ਕਾਰਗਰ ਢੰਗ ਨਾਲ ਨਿਭਾਉਣ ਵਿੱਚ ਕਾਮਯਾਬ ਹੋ ਸਕੇ। ਇਸ ਸੰਦਰਭ ਵਿੱਚ ਮੰਤਰੀਆਂ ਨੇ ਈਜ਼ੁਲਵਿਨੀ ਸੰਧੀ ਅਤੇ ਸਿਰਤੇ ਐਲਾਨ ਪੱਤਰ ਵਿੱਚ ਦਰਜ ਸਾਂਝਾ ਅਫਰੀਕੀ ਦ੍ਰਿਸ਼ਟੀਕੋਣ (CAP) ਪ੍ਰਤੀ ਆਪਣੀ ਮਜ਼ਬੂਤ ਹਿਮਾਇਤ ਪ੍ਰਗਟ ਕੀਤੀ।

5. G-4 ਮੰਤਰੀਆਂ ਨੇ ਸੁਧਰੀ ਹੋਈ ਸੁਰੱਖਿਆ ਪਰਿਸ਼ਦ ਵਿੱਚ ਨਵੇਂ ਸਥਾਈ ਮੈਂਬਰਾਂ ਵਜੋਂ ਇੱਕ ਦੂਜੇ ਦੀ ਉਮੀਦਵਾਰੀ ਪ੍ਰਤੀ ਆਪਣੀ ਹਿਮਾਇਤ ਦਾ ਪ੍ਰਗਟਾਵਾ ਕੀਤਾ।

ਨਿਊਯੌਰਕ

22 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.